**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ,**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,ਪੰਜਾਬ**
ਸਿੱਖਿਆ ਭਵਨ, ਪੰਜਵੀਂ ਮੰਜਿਲ, ਫੇਜ 8, ਐਸ.ਏ.ਐਸ. ਨਗਰ (ਮੋਹਾਲੀ)।

ਵੱਲ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ
3. ਸਮੂਹ ਸਕੂਲ ਮੁੱਖੀ, (ਵੈੱਬ ਸਾਈਟ ਰਾਹੀਂ), ਪੰਜਾਬ।

ਮੀਮੋ ਨੰ: ਰਮਸਾ/2014 3237
ਮਿਤੀ 24/09/2014

**ਵਿਸ਼ਾ :** **ਮਿਤੀ 27-9-2014 ਤੋਂ 31-10-2014 ਤੱਕ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ "ਸੋਹਣਾ ਸਕੂਲ ਮੁਹਿੰਮ" ਚਲਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਭਾਰਤ ਸਰਕਾਰ ਵੱਲੋਂ ਮਿਤੀ 2 ਅਕਤੂਬਰ, 2014 ਨੂੰ ਮਹਾਤਮਾ ਗਾਂਧੀ ਜੈਯੰਤੀ ਤੇ **"ਸਵੱਛ ਭਾਰਤ ਅਭਿਆਨ"** ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਤਹਿਤ ਸਕੂਲਾਂ ਨੂੰ ਸਾਫ-ਸੁਥਰਾ ਰੱਖਣ ਸਬੰਧੀ ਸਿੱਖਿਆ ਵਿਭਾਗ ਵੱਲੋਂ ਮਿਤੀ 27-09-2014 ਤੋਂ 31-10-2014 ਤੱਕ ਰਾਜ ਦੇ ਸਮੂਹ ਸਕੂਲਾਂ ਵਿੱਚ **"ਸੋਹਣਾ ਸਕੂਲ ਮੁਹਿੰਮ"** ਚਲਾਈ ਜਾ ਰਾਹੀ ਹੈ। ਸਕੂਲ ਦਾ ਸਮੂਹ ਸਟਾਫ/ਵਿਦਿਆਰਥੀ/ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਇਹ ਮੁਹਿੰਮ ਆਪਣੇ ਸਕੂਲ ਵਿੱਚ ਚਲਾਈ ਜਾਵੇਗੀ। ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਪਿੰਡ ਦੀ ਪੰਚਾਇਤ/ਲੋਕਲ ਕਮਿਊਨਟੀ/ਸਮਾਜ ਸੇਵੀ ਸੰਸਥਾਵਾਂ, ਹੈੱਲਥ ਸੈਂਟਰ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਸਹਿਯੋਗ ਲਿਆ ਜਾਵੇਗਾ।

2.0 **ਇਸ ਮੁਹਿੰਮ ਤਹਿਤ ਸਕੂਲਾਂ ਵਿੱਚ ਹੇਠ ਲਿਖੀਆਂ ਕ੍ਰਿਆਵਾਂ ਚਲਾਈਆ ਜਾਣ:**

- ਸਕੂਲ ਦੀ ਸਵੇਰ ਵੇਲੇ ਪ੍ਰਾਰਥਨਾ ਸਭਾ ਵਿਚ ਸਫਾਈ ਦੀ ਅਹਿਮੀਅਤ ਬਾਰੇ ਦੱਸਿਆ ਜਾਵੇ। ਸਫਾਈ ਰੱਬੀ ਦਾਤ ਹੈ, ਦਾ ਜਿਕਰ ਕਰਦੇ ਹੋਏ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵੱਲੋਂ ਦਿੱਤੀਆਂ ਨਸੀਹਤਾਂ ਦਾ ਵੀ ਵਿਸੇਸ਼ ਜਿਕਰ ਕੀਤਾ ਜਾਵੇ।
- ਸਕੂਲ ਵਿੱਚ ਕਲਾਸ ਰੂਮਜ਼, ਲੈਬ, ਲਾਇਬ੍ਰੇਰੀ ਅਤੇ ਕਮਰਿਆਂ ਦੀਆਂ ਛੱਤਾਂ ਦੀ ਸਾਫ ਸਫਾਈ ਵੱਲ ਵਿਸੇਸ਼ ਧਿਆਨ ਦਿੱਤਾ ਜਾਵੇ।
- ਸਕੂਲ ਪਖਾਨਿਆਂ (Toilets) ਦੀ ਸੰਭਾਲ ਅਤੇ ਸਾਫ ਸਫਾਈ ਦੀ ਮੁਹਿੰਮ ਅਰੰਭੀ ਜਾਵੇ।
- ਮਿਡ ਡੇ ਮੀਲ ਦੀ ਰਸੋਈ ਦੀ ਸਫਾਈ ਲਈ ਬੱਚਿਆ ਨੂੰ ਉਤਸ਼ਾਹਿਤ ਕੀਤਾ ਜਾਵੇ।
- ਸਕੂਲ ਖੇਡ ਮੈਦਾਨ ਨੂੰ ਸੰਵਾਰਨ ਲਈ ਮੁਹਿੰਮ ਅਰੰਭੀ ਜਾਵੇ।
- ਸਕੂਲ ਦੇ ਬਾਗ ਬਗੀਚੇ ਅਤੇ ਸਕੂਲ ਦੀ ਇਮਾਰਤ ਨੂੰ (ਰੰਗ ਰੋਗਨ ਆਦਿ) ਠੀਕ ਕਰਨ ਲਈ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇ।
- ਸਾਫ ਸਫਾਈ ਦੀ ਅਹਿਮੀਅਤ ਬਾਰੇ ਵਿੱਦਿਆਰਥੀਆਂ ਵਿਚ ਲੇਖ ਮੁਕਾਬਲੇ, ਪੇਟਿੰਗਜ਼ ਅਤੇ ਬਹਿਸ-ਮੁਬਾਸੇ ਕਰਾਏ ਜਾਣ।
- ਬੱਚਿਆਂ ਨੂੰ ਆਪਣੀ ਸਰੀਰਕ ਸਫਾਈ ਬਾਰੇ ਵੀ ਜਾਗਰੂਕ ਕੀਤਾ ਜਾਵੇ।
- ਸਕੂਲ ਵਿੱਚ ਸਾਫ-ਸਫਾਈ ਦੀ ਮੁਹਿੰਮ ਨੂੰ ਸਫਲ ਬਣਾਉਣ ਲਈ "ਬਾਲ ਕੌਂਸਿਲ" ਦਾ ਗਠਨ ਕੀਤਾ ਜਾਵੇ।

3.0 ਉਕਤ ਕ੍ਰਿਆਵਾਂ ਨੂੰ ਸੁਚਾਰੂ ਰੂਪ ਵਿੱਚ ਲਾਗੂ ਕਰਨ ਲਈ ਸਰਕਲ ਸਿੱਖਿਆ ਅਫਸਰ, ਉੱਪ-ਸਰਕਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਉਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਾਇੰਸ ਸੁਪਰਵਾਈਜ਼ਰ, ਕਲੱਸਟਰ ਇੰਚਾਰਜ, ਸੈਂਟਰ ਹੈੱਡ ਟੀਚਰ, ਸਰਕਲ ਬਾਰਡਰ ਅਤੇ ਜਿਲ੍ਹਾ ਪੱਧਰ ਦੀਆਂ ਇੰਸਪੈਕਸ਼ਨ ਟੀਮਾਂ ਆਦਿ ਵੱਲੋਂ ਹਰ ਰੋਜ ਘੱਟੋ-ਘੱਟ 2 ਸਕੂਲਾਂ ਦਾ ਦੌਰਾ ਕਰਨਗੇ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਰਿਪੋਰਟ ਫੋਟੋ ਸਮੇਤ ਇਸ ਦਫਤਰ ਦੀ ਇੰਸਪੈਕਸ਼ਨ ਸ਼ਾਖਾ ਨੂੰ ਭੇਜਣੀ ਯਕੀਨੀ ਬਣਾਉਣਗੇ।

**ਡੀ.ਜੀ.ਐਸ.ਈ.-ਕਮ-ਐਸ.ਪੀ.ਡੀ.,**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ।**

ਪਿੱ· **ਅੰਕਣ ਨੰ. ਰਮਸਾ/2014** **ਮਿਤੀ 24-9-2014**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡੀ.ਪੀ.ਆਈ. (ਸੈ.ਸਿ./ਐ.ਸਿ.)

**ਡੀ.ਜੀ.ਐਸ.ਈ.-ਕਮ-ਐਸ.ਪੀ.ਡੀ.,**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ।**

ਮਿਤੀ 27-9-2014 ਤੋਂ 31-10-2014 ਤੱਕ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ "ਸੋਹਣਾ ਸਕੂਲ ਮੁਹਿੰਮ" ਚਲਾਉਣ ਸਬੰਧੀ ਸ਼ਡਿਊਲ।

| ਲੜੀ ਨੰ. | ਮਿਤੀ | ਕੀਤੀਆਂ ਜਾਣ ਵਾਲੀਆਂ ਕ੍ਰਿਆਵਾਂ ਦਾ ਵੇਰਵਾ |
|---|---|---|
| 1 | 27-9-14 | ਮਾਨਯੋਗ ਸਿੱਖਿਆ ਮੰਤਰੀ ਜੀ ਅਤੇ ਵਾਤਾਵਰਨ ਦੀ ਸਾਭ-ਸੰਭਾਲ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਮਹਾਨ ਸਖਸ਼ੀਅਤਾਂ ਵੱਲੋਂ "ਸੋਹਣਾ ਸਕੂਲ ਮੁਹਿੰਮ" ਚਲਾਉਣ ਸਬੰਧੀ ਸ਼ੁਰੂਆਤ (ਸਥਾਨ) ਸਰਕਾਰੀ ਸੀਨੀਅਰ ਸੈਕੰਡਰੀ ਸ੍ਕੂਲ ਮੋਠਾਂਵਾਲ ਜਿਲ੍ਹਾ ਕਪੂਰਥਲਾ। |
| 2 | 29-9-14 | ਸਕੂਲਾਂ ਵਿੱਚ ਸਫਾਈ ਸੰਬਧੀ ਜਾਗਰੂਕਤਾ ਅਭਿਆਨ ਸਵੇਰੇ ਦੀ ਸਭਾ ਵਿੱਚ |
| 3 | 30-9-14 | ਬਾਲ ਕੌਂਸਿਲ ਦਾ ਗਠਨ |
| 4 | 1-9-14 | ਸਾਫ ਸਫਾਈ ਦੀ ਅਹਿਮੀਅਤ ਬਾਰੇ ਲੇਖ ਮੁਕਾਬਲੇ ਪ੍ਰਤੀਯੋਗਤਾ |
| 5 | 4-10-14 | ਕਲਾਸ ਰੂਮ ਦੀ ਸਫਾਈ |
| 6 | 7-10-14 | ਸਾਇੰਸ ਲੈਬ ਦੀ ਸਫਾਈ |
| 7 | 10-10-14 | ਸਾਫ ਸਫਾਈ ਦੀ ਅਹਿਮੀਅਤ ਬਾਰੇ ਪੇਟਿੰਗ ਪ੍ਰਤੀਯੋਗਤਾ |
| 8 | 13-10-14 | ਲਾਇਬ੍ਰੇਰੀ ਦੀ ਸਫਾਈ |
| 9 | 14-10-14 | ਸਾਫ ਸਫਾਈ ਦੀ ਅਹਿਮੀਅਤ ਬਾਰੇ ਬਹਿਸ-ਮੁਬਾਸੇ ਪ੍ਰਤੀਯੋਗਤਾ |
| 10 | 15-10-14 | ਸਕੂਲ ਪਖਾਨਿਆਂ (Toilets) ਦੀ ਸਹੀ ਵਰਤੋਂ ਅਤੇ ਸੰਭਾਲ |
| 11 | 16-10-14 | ਵਰਲਡ ਹੈਂਡ ਵਾਸ਼ ਡੇ ਸਕੂਲਾਂ ਵਿੱਚ ਮਨਾਉਣਾ |
| 12 | 17-10-14 | ਮਿਡ ਡੇ ਮੀਲ ਦੀ ਰਸੋਈ ਦੀ ਸਫਾਈ |
| 13 | 20-10-14 | ਬੱਚਿਆ ਨੂੰ ਆਪਣੀ ਸਰੀਰਕ ਸਫਾਈ ਬਾਰੇ ਜਾਗਰੂਕ ਕਰਨਾ |
| 14 | 21-10-14 | ਖੇਡ ਦਾ ਮੈਦਾਨ ਅਤੇ ਬਾਗ ਬਗੀਚਿਆਂ ਦੀ ਸੰਭਾਲ |
| 15 | 22-10-14 | ਬੱਚਿਆਂ ਵੱਲੋਂ ਤਿਆਰ ਕੀਤੀਆਂ ਪੇਟਿੰਗਜ਼ ਕਲਾਸ ਰੂਮਾਂ ਵਿੱਚ ਲਗਾਉਣਾ |
| 16 | 27-10-14 | ਸਕੂਲ ਪਖਾਨਿਆਂ (Toilets) ਦੀ ਸੰਭਾਲ ਅਤੇ ਸਾਫ ਸਫਾਈ |
| 17 | 28-10-14 | ਸਕੂਲ ਦੀਆਂ ਛੱਤਾਂ ਦੀ ਸਫਾਈ |
| 18 | 29-10-14 | ਸਾਫ ਸਫਾਈ ਦੀ ਅਹਿਮੀਅਤ ਬਾਰੇ ਬਹਿਸ-ਮੁਬਾਸੇ ਪ੍ਰਤੀਯੋਗਤਾ |
| 19 | 30-10-14 | ਸਕੂਲ ਦੀ ਸਜਾਵਟ |
| 20 | 31-10-14 | ਸਾਫ ਸਫਾਈ ਅਭਿਆਨ ਤਹਿਤ ਇਨਾਮ ਪ੍ਰਤੀਯੋਗਤਾ |